**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਡਿਪਟੀ ਕਮਿਸ਼ਨਰ
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/ 59599-59618
ਮਿਤੀ ਚੰਡੀਗੜ੍ਹ 19-08-09

**ਵਿਸ਼ਾ:- ਅਧਿਆਪਕਾਂ ਦੀਆਂ ਸਰਵੇ ਵਿੱਚ ਡਿਊਟੀਆਂ ਨਾ ਲਗਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਸਮੂਹ ਪੰਜਾਬ ਰਾਜ ਦੇ ਪ੍ਰਾਇਮਰੀ ਸਕੂਲਾਂ ਅੰਦਰ ਸਿੱਖਿਆ ਵਿੱਚ ਗੁਣਾਂਤਮਿਕ ਸੁਧਾਰ ਅਤੇ ਬੱਚਿਆਂ ਦਾ ਸਿੱਖਣ ਪੱਧਰ ਉੱਚਾ ਚੁੱਕਣ ਲਈ ਪੜ੍ਹੋ ਪੰਜਾਬ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਜਿਸ ਦੇ ਤਹਿਤ ਹਰ ਰੋਜ਼ ਦੋ ਘੰਟੇ ਸਵੇਰ ਦੇ ਸਮੇਂ ਭਾਸ਼ਾ ਅਤੇ ਗਣਿਤ ਦੀਆਂ ਮਹਿਲਾਂ ਅਨੁਸਾਰ ਵਿਦਿਆਰਥੀਆਂ ਦੀ ਪੜ੍ਹਾਈ ਕਰਵਾਈ ਜਾਂਦੀ ਹੈ। ਹਰ ਮਹੀਨੇ ਪੜ੍ਹੋ ਪੰਜਾਬ ਦੇ ਟੀਚੇ ਨਿਰਧਾਰਤ ਕੀਤੇ ਗਏ ਹਨ। ਇਹਨਾਂ ਨੂੰ ਮਿੱਥੇ ਸਮੇਂ ਅੰਦਰ ਅਧਿਆਪਕਾ ਦੁਆਰਾ ਪੂਰਿਆ ਵੀ ਕੀਤਾ ਜਾਣਾ ਹੈ।

3.0 ਵੱਖ-ਵੱਖ ਜ਼ਿਲ੍ਹਿਆਂ 'ਚੋ ਅਧਿਆਪਕਾਂ ਰਾਹੀਂ ਇਹ ਰਿਪੋਰਟਾਂ ਮਿਲ ਰਹੀਆਂ ਹਨ ਕਿ ਉਹਨਾਂ ਦੀਆਂ ਡਿਊਟੀਆਂ ਸਰਵੇ ਵਿੱਚ ਲਾਈਆਂ ਗਈਆਂ ਹਨ। ਜਿਸ ਕਰਕੇ ਉਹਨਾਂ ਦੇ ਸਕੂਲ ਦੇ ਉਹਨਾਂ ਦੁਆਰਾ ਟੀਚੇ ਪੂਰੇ ਕਰਨ ਵਿੱਚ ਮੁਸ਼ਕਿਲ ਆਵੇਗੀ। ਸੋ ਸਮੂਹ ਪ੍ਰਾਇਮਰੀ ਅਧਿਆਪਕਾਂ ਦੀਆਂ ਡਿਊਟੀਆਂ ਜਿਹੜੀਆਂ ਸਰਵੇ ਵਿੱਚ ਲਗਾਈਆਂ ਜਾ ਰਹੀਆਂ ਹਨ। ਉਹ ਡਿਊਟੀਆਂ ਜਾਂ ਤਾਂ ਲਗਾਈਆਂ ਹੀ ਨਾ ਜਾਣ ਜਾਂ ਫਿਰ ਸਕੂਲ ਸਮੇਂ ਤੋਂ ਬਾਅਦ ਲਗਾਈਆਂ ਜਾਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ ਮਿਤੀ

ਉਤਾਰਾ(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਪੰਜਾਬ।
(2) ਸਮੂਹ ਜ਼ਿਲ੍ਹਾ ਕੋਆਰਡੀਨੇਟਰ, ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**